# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਸਰਕਾਰੀ ਕਾਲਜ ਆਫ਼ ਐਜੂਕੇਸ਼ਨ ਫ਼ਰੀਦਕੋਟ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ 5ਵਾਂ ਖ਼ੂਨਦਾਨ ਕੈਂਪ ਲਗਾਇਆ।

### ਕੈਂਪ ਵਿੱਚ 40 ਯੂਨਿਟ ਖ਼ੂਨਦਾਨ ਕੀਤਾ ਗਿਆ – ਪ੍ਰੋ.ਬੀਰਇੰਦਰਜੀਤ ਸਿੰਘ



ਫ਼ਰੀਦਕੋਟ, 29 ਮਾਰਚ : ਦੇਸ਼ ਭਗਤ ਪੰਡਿਤ ਚੇਤਨ ਦੇਵ ਸਰਕਾਰੀ ਕਾਲਜ ਆਫ਼ ਐਜੁਕੇਸ਼ਨ ਫ਼ਰੀਦਕੋਟ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ 5ਵਾਂ ਖ਼ੂਨਦਾਨ ਕੈਂਪ ਪ੍ਰਿੰਸੀਪਲ ਡਾ. ਰਾਜੇਸ਼ ਮੋਹਨ ਦੀ ਯੋਗ ਰਹਿਨੁਮਾਈ ਹੇਠ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਡਾ. ਪੂਜਾ ਭੱਲਾ, ਪ੍ਰਿੰਸੀਪਲ, ਸ਼ਹੀਦ ਭਗਤ ਸਿੰਘ ਸਰਕਾਰੀ ਕਾਲਜ ਕੋਟਕਪੂਰਾ ਨੇ ਕੀਤਾ। ਕੈਂਪ ਦੇ ਕੋਆਰਡੀਨੇਟਰ ਪ੍ਰੋ.ਬੀਰਇੰਦਰਜੀਤ ਸਿੰਘ ਨੇ ਦੱਸਿਆ ਕਿ ਇਸ ਖ਼ੂਨਦਾਨ ਕੈਂਪ ਵਿੱਚ 40 ਯੂਨਿਟ ਖ਼ੂਨਦਾਨ ਇਕੱਤਰ ਕੀਤਾ ਗਿਆ।

ਇਹ ਕੈਂਪ ਕਾਲਜ ਦੇ ਰੈੱਡ ਰਿਬਨ ਕਲੱਬ, ਐੱਨ.ਐੱਸ.ਐੱਸ. ਵਿਭਾਗ ਅਤੇ ਓਲਡ ਸਟੂਡੈਂਟਸ ਐਸੋਸੀਏਸ਼ਨ ਦੇ ਸਹਿਯੋਗ ਨਾਲ ਲਗਾਇਆ ਗਿਆ, ਜਿਸ ਵਿੱਚ ਸ. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈਲਫ਼ੇਅਰ ਸੁਸਾਇਟੀ (ਰਜਿ.) ਪੰਜਾਬ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਇਸ ਖ਼ੂਨਦਾਨ ਕੈਂਪ ਦੌਰਾਨ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫ਼ਰੀਦਕੋਟ ਦੇ ਬਲੱਡ ਬੈਂਕ ਦੀ ਟੀਮ ਜਿਸ ਵਿੱਚ ਇੰਚਾਰਜ ਡਾ. ਹਰਜੋਤ ਕੌਰ, ਹਰਵਿੰਦਰ ਸਿੰਘ, ਤਲਵੰਤ ਸਿੰਘ, ਵਿਜੇ ਕੁਮਾਰ, ਦਵਿੰਦਰ ਸਿੰਘ ਅਤੇ ਮਨਪ੍ਰੀਤ ਨੇ ਸੇਵਾਵਾਂ ਦਿੱਤੀਆਂ ਅਤੇ ਖ਼ੂਨ ਇਕੱਤਰ ਕੀਤਾ।



ਇਸ 5ਵੇਂ ਖ਼ੂਨਦਾਨ ਕੈਂਪ ਦੀ ਸ਼ੁਰੂਆਤ ਵਿੱਚ ਪ੍ਰਿੰਸੀਪਲ ਡਾ. ਰਾਜੇਸ਼ ਮੋਹਨ ਨੇ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ, ਡਾਕਟਰੀ ਟੀਮ, ਪ੍ਰੈੱਸ ਅਤੇ ਮੀਡੀਆ ਦੇ ਪੱਤਰਕਾਰਾਂ, ਸ਼ਹਿਰ ਦੇ ਪਤਵੰਤੇ ਸੱਜਣਾਂ ਅਤੇ ਖ਼ੂਨਦਾਨੀਆਂ ਨੂੰ ਰਸਮੀ ਤੌਰ ਤੇ 'ਜੀ ਆਇਆਂ' ਕਿਹਾ। ਕੈਂਪ ਦੌਰਾਨ ਮੁੱਖ ਮਹਿਮਾਨ ਡਾ. ਪੂਜਾ ਭੱਲਾ, ਸ. ਅਮਨਦੀਪ ਸਿੰਘ ਬਾਬਾ ਚੇਅਰਮੈਨ ਮਾਰਕੀਟ ਕਮੇਟੀ ਫ਼ਰੀਦਕੋਟ, ਪ੍ਰਸਿੱਧ ਸਮਾਜ ਸੇਵੀ ਗੁਰਜੀਤ ਸਿੰਘ ਹੈਰੀ ਢਿੱਲੋਂ ਅਤੇ ਪ੍ਰਧਾਨ ਸ. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈਲਫ਼ੇਅਰ ਸੁਸਾਇਟੀ (ਰਜਿ.) ਪੰਜਾਬ, ਓ.ਐੱਸ.ਏ. ਦੇ ਸਕੱਤਰ ਗੁਰਵਿੰਦਰ ਸਿੰਘ ਧੀਂਗੜਾ, ਪ੍ਰਿੰ. ਸੁਰੇਸ਼ ਅਰੋੜਾ ਨੇ ਖ਼ੂਨਦਾਨ ਮਹਾਂਦਾਨ ਬਾਰੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਇਸ ਮੌਕੇ ਪਰਮਜੀਤ ਸਿੰਘ ਪਲੇਨ, ਓ.ਐੱਸ.ਏ. ਦੇ ਅਹੁਦੇਦਾਰਾਂ ਵਿੱਚੋਂ ਵਿਸ਼ਵਜੀਤ ਸਿੰਘ ਡੇਜ਼ੀ, ਪ੍ਰਿੰ. ਸੁਰੇਸ਼ ਅਰੋੜਾ, ਰਾਧਾ ਕ੍ਰਿਸ਼ਨ, ਸਰਕਾਰੀ ਬ੍ਰਿਜਿੰਦਰਾ ਕਾਲਜ ਤੋਂ ਪ੍ਰੋ. ਅਨਿਲ ਗੁਪਤਾ, ਸਮਾਜ ਸੇਵੀ ਸਵਰਨ ਸਿੰਘ ਸੇਖੋਂ, ਪੱਤਰਕਾਰ ਤੇ ਲੇਖਕ ਸ਼ਿਵਨਾਥ ਦਰਦੀ, ਲੋਕ ਗਾਇਕ ਰਾਜ ਗਿੱਲ ਭਾਣਾ, ਲੇਖਕ ਗੁਰਭੇਜ ਸਿੰਘ, ਮਨਦੀਪ ਸਿੰਘ, ਪ੍ਰੈੱਸ ਅਤੇ ਮੀਡੀਆ ਤੋਂ ਰਾਜਿੰਦਰ ਅਰੋੜਾ, ਗੁਰਪ੍ਰੀਤ ਪੱਕਾ, ਵਿੱਕੀ, ਸੁਖਦੀਪ ਸਿੰਘ, ਗੋਰਾ ਸਿੰਘ, ਮਨਮੋਹਨ ਸਿੰਘ ਆਦਿ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਇਸ ਕੈਂਪ ਵਿੱਚ ਕਾਲਜ ਦੇ ਵਿਦਿਆਰਥੀਆਂ, ਉਹਨਾਂ ਦੇ ਮਾਪਿਆਂ, ਫ਼ਰੀਦਕੋਟ ਅਤੇ ਸ਼ਹਿਰ ਨਿਵਾਸੀਆਂ ਆਦਿ ਨੇ ਬੜੇ ਉਤਸ਼ਾਹ ਨਾਲ ਸ਼ਾਮਿਲ ਹੋ ਕੇ ਖ਼ੂਨਦਾਨ ਕੀਤਾ। ਕਾਲਜ ਦੇ ਸਟਾਫ਼ ਵਿੱਚੋਂ ਪ੍ਰੋ. ਰਣਜੀਤ ਸਿੰਘ ਬਾਜਵਾ ਨੇ ਮੰਚ ਸੰਚਾਲਕ ਦੀ ਜ਼ਿੰਮੇਵਾਰੀ ਅਤੇ ਡਾ. ਰਤਨ ਲਾਲ ਨੇ ਰਜਿਸਟ੍ਰੇਸ਼ਨ ਦੀ ਜ਼ਿੰਮੇਵਾਰੀ ਨਿਭਾਉਣ ਦੇ ਨਾਲ ਨਾਲ ਖ਼ੂਨਦਾਨ ਵੀ ਕੀਤਾ।

ਇੰਚਾਰਜ ਪ੍ਰੋ.ਬੀਰਇੰਦਰਜੀਤ ਸਿੰਘ ਅਨੁਸਾਰ ਇਸ ਖ਼ੂਨਦਾਨ ਕੈਂਪ ਦੀ ਸਫ਼ਲਤਾ ਲਈ ਕਾਲਜ ਸਟਾਫ਼ ਵਿੱਚੋਂ ਪ੍ਰੋ. ਸੰਦੀਪ ਸਿੰਘ, ਡਾ. ਰੁਪਿੰਦਰਜੀਤ ਕੌਰ, ਪ੍ਰੋ. ਰਾਜੇਸ਼ਵਰੀ ਦੇਵੀ, ਪ੍ਰੋ. ਜਸਬੀਰ ਕੌਰ, ਪ੍ਰੋ. ਸੁਖਪਾਲ ਕੌਰ, ਪ੍ਰੋ. ਫੈਨੀ ਚਾਵਲਾ, ਪ੍ਰੋ. ਸੁਖਵਿੰਦਰ ਕੌਰ, ਪ੍ਰੋ. ਮਨਵਿੰਦਰ ਕੌਰ, ਪ੍ਰੋ. ਰਿਮੀ, ਸ਼੍ਰੀਮਤੀ ਕਰਮਜੀਤ ਕੌਰ ਅਤੇ ਐੱਮ.ਐੱਡ. ਦੇ ਵਿਦਿਆਰਥੀਆਂ ਆਦਿ ਨੇ ਵੀ ਵੱਡਮੁੱਲਾ ਯੋਗਦਾਨ ਪਾਇਆ। ਅੰਤ ਵਿੱਚ ਪ੍ਰਿੰਸੀਪਲ ਸਾਬ, ਓ.ਐਸ.ਏ. ਦੇ ਅਹੁਦੇਦਾਰਾਂ, ਪ੍ਰੋ.ਬੀਰਇੰਦਰਜੀਤ ਸਿੰਘ ਅਤੇ ਸਮੂਹ ਸਟਾਫ਼ ਵੱਲੋਂ ਖ਼ੂਨਦਾਨੀਆਂ ਦੇ ਨਾਲ-ਨਾਲ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ, ਮਹਿਮਾਨਾਂ, ਡਾਕਟਰੀ ਟੀਮ, ਪ੍ਰੈੱਸ ਅਤੇ ਮੀਡੀਆ ਦੇ ਪੱਤਰਕਾਰਾਂ, ਸ਼ਹਿਰ ਦੇ ਪਤਵੰਤੇ ਸੱਜਣਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਉਹਨਾਂ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਵੀ ਕੀਤਾ ਗਿਆ।

## ਕੋਟਕਪੂਰਾ ਵਿੱਚ ਆਮ ਆਦਮੀ ਕਲੀਨਿਕ ਦਾ ਵਰਚੁਅਲ ਉਦਘਾਟਨ ਚੇਅਰਮੈਨ ਗੁਰਮੀਤ ਸਿੰਘ ਆਰੇਵਾਲਾ ਨੇ ਕਰਵਾਇਆ



ਕੋਟਕਪੂਰਾ, 29 ਮਾਰਚ : ਚੇਅਰਮੈਨ ਮਾਰਕੀਟ ਕਮੇਟੀ ਫਰੀਦਕੋਟ ਸ. ਗੁਰਮੀਤ ਸਿੰਘ ਆਰੇਵਾਲਾ ਨੇ ਅੱਜ ਕੋਟਕਪੂਰਾ ਵਿਖੇ ਆਮ ਆਦਮੀ ਕਲੀਨਿਕ ਦਾ ਵਰਚੁਅਲ ਉਦਘਾਟਨ ਕਰਵਾਇਆ। ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਵੱਲੋਂ ਸਿਹਤ ਖੇਤਰ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਦੀ ਸਰਾਹਨਾ ਕਰਦਿਆਂ ਕਿਹਾ ਕਿ ਆਮ ਆਦਮੀ ਕਲੀਨਿਕ ਲੋਕਾਂ ਲਈ ਵੱਡੀ ਸਹੂਲਤ ਸਾਬਤ ਹੋ ਰਹੇ ਹਨ।



ਉਨ੍ਹਾਂ ਕਿਹਾ ਕਿ ਸੂਬੇ ਵਿੱਚ ਪਹਿਲਾਂ ਹੀ 881 ਆਮ ਆਦਮੀ ਕਲੀਨਿਕ ਚੱਲ ਰਹੇ ਹਨ ਅਤੇ ਅੱਜ 109 ਹੋਰ ਕਲੀਨਿਕਾਂ ਦਾ ਉਦਘਾਟਨ ਕੀਤਾ ਗਿਆ ਹੈ, ਜਿਸ ਨਾਲ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤੀ ਮਿਲੀ ਹੈ।

ਸ. ਆਰੇਵਾਲਾ ਨੇ ਦੱਸਿਆ ਕਿ ਇਨ੍ਹਾਂ ਕਲੀਨਿਕਾਂ ਵਿੱਚ 112 ਤਰ੍ਹਾਂ ਦੀਆਂ ਦਵਾਈਆਂ ਅਤੇ 47 ਤਰ੍ਹਾਂ ਦੇ ਟੈਸਟ ਬਿਲਕੁਲ ਮੁਫ਼ਤ ਉਪਲਬਧ ਕਰਵਾਏ ਜਾ ਰਹੇ ਹਨ, ਜਿਸ ਨਾਲ ਆਮ ਲੋਕਾਂ ਨੂੰ ਵੱਡੀ ਰਾਹਤ ਮਿਲ ਰਹੀ ਹੈ।

ਉਨ੍ਹਾਂ ਹੋਰ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਵੱਲੋਂ ਐਲਾਨ ਕੀਤੇ ਗਏ ਸਿਹਤ ਕਾਰਡਾਂ ਰਾਹੀਂ ਲੋਕਾਂ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ।

ਚੇਅਰਮੈਨ ਨੇ ਕਿਹਾ ਕਿ ਆਮ ਆਦਮੀ ਕਲੀਨਿਕਾਂ ਰਾਹੀਂ ਸਿਹਤ ਸਹੂਲਤਾਂ ਨੂੰ ਲੋਕਾਂ ਦੇ ਨੇੜੇ ਲਿਆਂਦਾ ਗਿਆ ਹੈ, ਜਿਸ ਨਾਲ ਲੋਕਾਂ ਦੇ ਸਮੇਂ ਅਤੇ ਪੈਸੇ ਦੋਹਾਂ ਦੀ ਬਚਤ ਹੋ ਰਹੀ ਹੈ। ਖ਼ਾਸ ਕਰਕੇ ਗਰੀਬ ਅਤੇ ਜ਼ਰੂਰਤਮੰਦ ਵਰਗ ਲਈ ਇਹ ਯੋਜਨਾ ਬਹੁਤ ਲਾਭਦਾਇਕ ਸਾਬਤ ਹੋ ਰਹੀ ਹੈ। ਅੰਤ ਵਿੱਚ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿਹਤ ਅਤੇ ਸਿੱਖਿਆ ਖੇਤਰ ਨੂੰ ਪ੍ਰਾਥਮਿਕਤਾ ਦੇਂਦਿਆਂ ਲੋਕ-ਭਲਾਈ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ, ਜਿਨ੍ਹਾਂ ਦਾ ਲਾਭ ਹਰ ਵਰਗ ਤੱਕ ਪਹੁੰਚ ਰਿਹਾ ਹੈ।

ਇਸ ਮੌਕੇ ਡਾ. ਹੁਸਨਪਾਲ, ਸਿਮਰਨਜੀਤ ਸਿੰਘ ਐੱਮ.ਸੀ. ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮੁਹੱਲਾ ਨਿਵਾਸੀ ਹਾਜ਼ਰ ਸਨ।

## ਗੁਰੂ ਰਵਿਦਾਸ ਜੀ ਦੇ ਸੈਮੀਨਾਰ ਪ੍ਰਤੀ ਪੋਸਟਰ ਰਲੀਜ

### ਜਲੰਧਰ ਚ ਹੋਵੇਗਾ 5 ਅਪ੍ਰੈਲ ਨੂੰ ਸੈਮੀਨਾਰ: ਪ੍ਰੋ ਭਾਟੀਆ

ਪ੍ਰੋ ਲਾਲ ਬਹਾਦਰ ਭਾਟੀਆ




ਜਲੰਧਰ 29 ਮਾਰਚ : ਬਾਣੀ ਵਿਚਾਰ ਚੇਤਨਾ ਮੰਚ ਪੰਜਾਬ ਦੀ ਜ਼ਿਲ੍ਹਾ ਇਕਾਈ ਜਲੰਧਰ ਵੱਲੋਂ ਮਿਤੀ 5 ਅਪ੍ਰੈਲ 2026 ਨੂੰ ਡਾ ਭੀਮ ਰਾਓ ਅੰਬੇਡਕਰ ਭਵਨ ਵਿਖੇ ਕਰਵਾਏ ਜਾ ਰਹੇ ਸੈਮੀਨਾਰ ਦਾ ਪੋਸਟਰ ਸ਼੍ਰੀ ਗੁਰੂ ਰਵਿਦਾਸ ਮੰਦਰ ਬਸਤੀ ਨੌਂ ਬਸਤੀ ਗੁਜ਼ਾਂ ਦੇ ਗੁਰੂ ਘਰ ਵਿਖੇ ਸਭਾ ਦੇ ਅਹੁਦੇਦਾਰ ਦੀ ਹਾਜ਼ਰੀ ਵਿੱਚ ਰਿਲੀਜ਼ ਕੀਤਾ ਗਿਆ । ਇਸ ਮੌਕੇ ਮੰਚ ਦੇ ਜ਼ਿਲ੍ਹਾ ਕੋਆਰਡੀਨੇਟਰ ਪ੍ਰੋ ਲਾਲ ਬਹਾਦਰ ਭਾਟੀਆ ਵਲੋਂ ਸਥਾਨਕ ਗੁਰੂ ਘਰ ਦੇ ਅਹੁਦੇਦਾਰਾਂ ਨੂੰ ਸੈਮੀਨਾਰ ਵਿੱਚ ਵੱਧ ਚੜ੍ਹ ਕੇ ਸ਼ਾਮਿਲ ਹੋਣ ਦਾ ਸੱਦਾ ਪੱਤਰ ਦਿੱਤਾ ਗਿਆ। ਇਹ ਸੈਮੀਨਾਰ 10 ਤੋਂ 2 ਵਜੇ ਤੱਕ ਹੋਵੇਗਾ।

ਇਸ ਮੌਕੇ ਹਾਜ਼ਰ ਸਭਾ ਦੇ ਪ੍ਰਧਾਨ ਸ਼੍ਰੀ ਤਿਲਕ ਰਾਜ ਮੀਨੀਆ , ਜਨਰਲ ਸਕੱਤਰ ਸ਼੍ਰੀ ਉੱਤਮ ਸਾਰੰਗਲ , ਸ਼੍ਰੀ ਸੌਰਵ ਯਾਦਵ , ਸ਼੍ਰੀ ਸੁੱਚਾ ਰਾਮ ਸਾਰੰਗਲ , ਸ਼੍ਰੀ ਵਿੱਕੀ ਖਿੰਦਰ ਸੈਕਟਰੀ , ਪ੍ਰਿੰਸ ਖਿੰਦਰ ਵਲੋਂ ਇਸ ਸੈਮੀਨਾਰ ਵਿੱਚ ਵਿੱਚ ਵਧ ਚੜ੍ਹ ਕੇ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ ਗਿਆ। ਵਰਣਨ ਯੋਗ ਹੈ ਕਿ ,'ਬਾਣੀ ਵਿਚਾਰ ਚੇਤਨਾ ਮੰਚ ਪੰਜਾਬ ' ਦੇ ਸਰਪ੍ਰਸਤ ਸ਼੍ਰੀ ਬਲਵਿੰਦਰ ਸਿੰਘ ਜਾਤੀਵਾਲ, ਤੇ ਚੀਫ ਕੋਆਰਡੀਨੇਟਰ ਸ਼੍ਰੀ ਗੁਰਨਾਮ ਸਿੰਘ ਅਕੀਦਾ ਦੇ ਉਪਰਾਲੇ ਸਦਕਾ ਪੰਜਾਬ ਭਰ ਵਿੱਚ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਜਾ ਰਹੇ 650 ਵੇਂ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿੱਚ ਗੁਰੂ ਮਹਾਰਾਜ ਜੀ ਦੀ ਬਾਣੀ ਤੇ ਵਿਚਾਰਧਾਰਾ ਤੇ ਲੜੀਵਾਰ ਸੈਮੀਨਾਰ ਕਰਵਾਏ ਜਾ ਰਹੇ ਹਨ ।ਇਸ ਤੋਂ ਪਹਿਲਾਂ ਲੁਧਿਆਣਾ ਦੀ ਖੇਤੀਬਾੜੀ ਯੂਨੀਵਰਸਿਟੀ ਵਿੱਚ ਸੈਮੀਨਾਰ ਆਯੋਜਿਤ ਕੀਤਾ ਗਿਆ।

## ਹਕੂਮਤੀ ਸੰਦ ਬਣ ਕੇ ਸਿੱਖਾਂ ਨੂੰ ਗੁੰਮਰਾਹ ਕਰਨ ਦੀ ਸਾਜ਼ਿਸ਼

ਰਣਜੀਤ ਸਿੰਘ ਦਮਦਮੀ ਟਕਸਾਲ

ਅੱਜ-ਕੱਲ੍ਹ ਬਥੇਰੇ ਇਹੋ ਜਿਹੇ ਅਖੌਤੀ ਵਿਦਵਾਨ, ਲੇਖਕ, ਬੁਲਾਰੇ, ਬੁੱਧੀਜੀਵੀ, ਪ੍ਰਚਾਰਕ ਤੇ ਸਿਆਸੀ ਆਗੂ ਪੈਦਾ ਹੋ ਗਏ ਨੇ ਜੋ ਸਿੱਖੀ ਦੀ ਵਿਆਖਿਆ ਸਿੱਖੀ ਸਿਧਾਂਤਾਂ ਦੇ ਖਿਲਾਫ ਕਰੀ ਜਾਂਦੇ ਨੇ, ਇਹਨਾਂ ਵਿੱਚੋਂ ਬਹੁਤਿਆਂ ਨੇ ਇਹ ਜ਼ੋਰ ਦਿੱਤਾ ਹੋਇਆ ਹੈ ਕਿ ਗੁਰੂ ਸਾਹਿਬਾਨਾਂ ਜਾਂ ਪੁਰਾਤਨ ਸਿੱਖਾਂ ਨੇ ਕਦੇ ਰਾਜ ਦੀ ਗੱਲ ਨਹੀਂ ਕੀਤੀ, ਰਾਜ ਦੀ ਗੱਲ ਕਰਨੀ ਬਹੁਤ ਮਾੜੀ ਹੈ, ਸਿੱਖਾਂ ਨੂੰ ਹਿੰਦੂਆਂ ਅਤੇ ਭਾਰਤ ਦੇ ਗੁਲਾਮ ਬਣ ਕੇ ਰਹਿਣਾ ਚਾਹੀਦਾ ਹੈ ਤੇ ਜਿਹੜੇ ਸਿੱਖ ਅਕਸਰ ਹੀ ਸਿੱਖ ਰਾਜ (ਖਾਲਿਸਤਾਨ) ਦੀ ਗੱਲ ਕਰਦੇ ਹਨ ਉਹ ਬਹੁਤ ਮਾੜੇ ਨੇ, ਉਹਨਾਂ ਨੂੰ ਸਿੱਖ ਅਖਵਾਉਣ ਦਾ ਕੋਈ ਹੱਕ ਨਹੀਂ ਹੈ। ਇਹੋ ਜਿਹੇ ਵਿਦਵਾਨ ਚਾਹੁੰਦੇ ਹਨ ਕਿ ਸਿੱਖ ਹਿੰਦੂਆਂ ਦੇ ਅਹਿਸਾਨਮੰਦ ਹੋ ਕੇ ਰਹਿਣ। ਜਦ ਕਿ ਅਸਲੀਅਤ ਇਹ ਹੈ ਕਿ ਹਿੰਦੂ ਕਦੇ ਵੀ ਸਿੱਖਾਂ ਦੇ ਅਹਿਸਾਨ ਦਾ ਕਰਜ਼ਾ ਨਹੀਂ ਦੇ ਸਕਦੇ। ਸਾਫ਼ ਗੱਲ ਹੈ ਕਿ ਜੇ ਗੁਰੂ ਸਾਹਿਬਾਨ ਨੇ ਜਬਰ-ਜ਼ੁਲਮ ਖਿਲਾਫ਼ ਸੰਘਰਸ਼ ਕੀਤਾ ਤਾਂ ਹੀ ਅੱਜ ਮੰਦਰਾਂ ਵਿੱਚ ਟੱਲ ਖੜਕਦੇ ਨੇ, ਨਹੀਂ ਤਾਂ ਹੁਣ ਨੂੰ ਹਿੰਦੂ ਧਰਮ ਤਿੰਨ ਸਦੀਆਂ ਪਹਿਲਾਂ ਹੀ ਖਤਮ ਹੋ ਚੁੱਕਾ ਹੁੰਦਾ। ਆਸ ਤਾਂ ਇਹ ਸੀ ਕਿ ਭਾਰਤ ਦੀ ਅਜ਼ਾਦੀ ਮਗਰੋਂ ਹਿੰਦੂ ਇਤਿਹਾਸ ਦੇ ਬੀਤੇ ਦੌਰ ਵਿੱਚ ਸਿੱਖਾਂ ਦੇ ਕੀਤੇ ਅਹਿਸਾਨਾਂ ਦਾ ਕਰਜ਼ਾ ਅਦਾ ਕਰਨ ਵੱਲ ਧਿਆਨ ਦੇਣਗੇ ਕਿ ਹੁਣ ਸਾਡੇ ਕੋਲ਼ ਰਾਜ-ਸੱਤਾ ਹੈ ਤੇ ਹੁਣ ਅਸੀਂ ਸਿੱਖ ਕੌਮ ਦੀਆਂ ਕੁਰਬਾਨੀਆਂ ਦਾ ਮੁੱਲ ਪਾਵਾਂਗੇ। ਪਰ ਹਿੰਦੂਆਂ ਨੇ ਅਕ੍ਰਿਤਘਣ ਬਣਨਾ ਜ਼ਿਆਦਾ ਵਧੀਆ ਮੰਨਿਆ। 1947 ਤੋਂ ਬਾਅਦ ਕੁਝ ਸਾਲ ਤਾਂ ਸਿੱਖ ਉਡੀਕਦੇ ਰਹੇ ਕਿ ਸ਼ਾਇਦ ਹਿੰਦੂ ਅਕਲ ਕਰਨਗੇ। ਪਰ ਹਿੰਦੂਆਂ ਨੇ ਤਾਂ 1984 ਤਕ ਓਹ ਹਾਲਾਤ ਬਣਾ ਧਰੇ ਕਿ ਸਿੱਖਾਂ ਨੂੰ ਓਹ ਮੁਸਲਮਾਨ ਚੰਗੇ ਜਾਪਣ ਲਾ ਦਿੱਤੇ, ਜਿਨ੍ਹਾਂ ਨਾਲ਼ ਹਿੰਦੂਆਂ ਕਰਕੇ ਸਿੱਖ ਭਿੜਦੇ ਰਹੇ ਸਨ। ਹੁਣ ਮੁਸਲਮਾਨ ਵੀ ਮਿਹਣਾ ਮਾਰਨ ਜੋਗੇ ਹੋ ਗਏ ਕਿ ਸਰਦਾਰੋ, ਇਹਨਾਂ ਹਿੰਦੂਆਂ ਪਿੱਛੇ ਸਾਡੇ ਬਜ਼ੁਰਗਾਂ ਖਿਲਾਫ਼ ਭਿੜਦੇ ਰਹੇ ਪਰ ਸਿੱਖਾਂ ਨੇ ਤਾਂ ਮੁਸਲਮਾਨਾਂ ਦੇ ਜ਼ੁਲਮ ਦਾ ਵੀ ਵਿਰੋਧ ਕੀਤਾ ਸੀ, ਹੁਣ ਹਿੰਦੂ ਦੇ ਜਬਰ ਦਾ ਵੀ ਵਿਰੋਧ ਕਰਨਾ




ਹੈ। ਜਦ ਈਸਾਈ ਗੋਰਿਆਂ ਨੇ ਸਿੱਖੀ ਉੱਤੇ ਹਮਲਾ ਬੋਲਿਆ, ਸਿੱਖਾਂ ਨੇ ਉਹਨਾਂ ਦਾ ਵੀ ਵਿਰੋਧ ਕੀਤਾ ਤੇ ਉਹਨਾਂ ਦਾ ਰਾਜ-ਭਾਗ ਖਤਮ ਹੋ ਗਿਆ। ਗਰੰਟੀ ਹੈ ਕਿ ਅੰਗਰੇਜ਼ ਖਿਲਾਫ਼ ਸਿੱਖ ਨਾ ਉਠਦੇ, ਹੁਣ ਨੂੰ ਭਾਰਤ ਵਿੱਚ ਇੰਗਲੈਂਡ ਦਾ ਹੀ ਰਾਜ ਹੋਣਾ ਸੀ। ਅਸਲ ਵਿੱਚ ਸਿੱਖ ਵਿੱਚ ਗ਼ੁਲਾਮੀ ਝੱਲਣ ਦੀ ਬਿਰਤੀ ਹੀ ਨਹੀਂ। ਸਿੱਖ ਬਾਦਸ਼ਾਹ ਹੁੰਦਾ ਹੈ ਜਾਂ ਬਾਗ਼ੀ। ਸਾਡੀ ਕੌਮ ਵਿੱਚ ਬਥੇਰੇ ਐਹੋ ਜਿਹੇ ਸਿਆਣੇ, ਸੂਝਵਾਨ, ਦੂਰਅੰਦੇਸ਼ ਸੱਜਣ ਨੇ ਜੋ ਖਾਲਸਾ ਬਾਗ਼ੀ ਜਾਂ ਬਾਦਸ਼ਾਹ ਵਾਲ਼ੇ ਸੰਕਲਪ ਨੂੰ ਨੀਵਾਂ ਵਿਖਾ ਕੇ ਭਾਰਤੀ ਸਿਆਸਤਦਾਨਾਂ ਕੋਲ਼ੋਂ ਪੰਥ ਤੇ ਪੰਜਾਬ ਲਈ ਮੰਗਾਂ ਮੰਗ ਕੇ ਖਾਲਸੇ ਨੂੰ ਮੰਗਤੇ ਬਣਾ ਕੇ ਪੇਸ਼ ਕਰਦੇ ਰਹਿੰਦੇ ਨੇ। ਦਸਮੇਸ਼ ਪਿਤਾ ਦੇ ਬਚਨ ਨੇ, "ਇਨ ਗਰੀਬ ਸਿੰਘਨ ਕੋ ਦਿਉਂ ਪਾਤਸ਼ਾਹੀ, ਏ ਯਾਦ ਕਰੇ ਹਮਰੀ ਗੁਰਿਆਈ"। ਗੁਰੂ ਜੀ ਨੇ ਕਿਹੜੀ ਪਾਤਸ਼ਾਹੀ ਦੇਣ ਦੀ ਗੱਲ ਕੀਤੀ ਹੈ ? ਇੱਕ ਹੋਰ ਬਚਨ ਹੈ ਸਿੰਘਾਂ ਦਾ, "ਕਿ ਰਾਜ ਕਰਹਿੰ ਕਿ ਲੜ ਮਰਹਿੰ ਹੈ" ਮਤਲਬ ਖਾਲਸਾ ਬਾਗ਼ੀ ਹੁੰਦਾ ਜਾਂ ਬਾਦਸ਼ਾਹ। ਜਾਂ ਰਾਜ ਕਰਾਂਗੇ ਜਾਂ ਲੜ ਮਰਾਂਗੇ। ਜਦ ਜਕਰੀਆਂ ਖਾਂ ਨੇ ਨਵਾਬੀ ਦੀ ਖਿੱਲਅਤ ਭੇਜੀ ਸੀ ਤਾਂ ਸਿੰਘਾਂ ਨੇ ਕਿਹਾ ਸੀ, "ਹਮ ਕੋ ਸਤਿਗੁਰ ਬਚਨ ਪਾਤਿਸ਼ਾਹੀ, ਹਮ ਕੋ ਜਾਪਤ ਢਿਗ ਸੋਊ ਆਹੀ। ਹਮ ਰਾਖਤ ਪਾਤਿਸ਼ਾਹੀ ਦਾਵਾ। ਜਾ ਇਤ ਕੋ ਜਾ ਅਗਲੋ ਪਾਵਾ।" ਉਹ ਸਿੰਘ ਤਾਂ ਕਹਿੰਦੇ ਰਹੇ ਕਿ ਸਾਨੂੰ ਬਾਦਸ਼ਾਹੀ ਭੋਗਣ ਦਾ ਬਚਨ ਸਤਿਗੁਰਾਂ ਨੇ ਕੀਤਾ ਹੋਇਆ ਹੈ ਤੇ ਇਹ ਸਾਡਾ ਬਾਦਸ਼ਾਹੀ ਦਾ ਦਾਵਾ ਬਣਦਾ ਹੈ। ਪੁਰਾਤਨ ਹਰ ਗ੍ਰੰਥ ਤਾਂ ਸਾਨੂੰ ਇਹ ਦੱਸਦਾ ਹੈ ਕਿ ਸਿੰਘਾਂ ਨੂੰ ਸਤਿਗੁਰਾਂ ਨੇ ਖ਼ਾਲਸਾ ਰਾਜ ਕਾਇਮ ਕਰਨ ਦਾ ਹੁਕਮ ਕੀਤਾ ਹੈ ਤੇ ਹੁਣ ਨਵੇਂ-ਨਵੇਂ ਉੱਠੇ ਵਿਦਵਾਨ ਸਾਨੂੰ ਮੱਤਾਂ ਦਿੰਦੇ ਨੇ ਗੁਰੂ ਸਾਹਿਬ ਨੇ ਰਾਜ-ਭਾਗ ਦੀ ਕਦੇ ਕੋਈ ਗੱਲ ਹੀ ਨਹੀਂ ਕੀਤੀ। "ਨਾਨਕਿ ਰਾਜ ਚਲਾਇਆ ਸਚ ਕੋਟੁ ਸਤਾਣੀ ਨੀਵ ਦੇ।" ਇਸ ਗੁਰਵਾਕ ਵਿੱਚ ਰਾਜ ਦੀ ਗੱਲ ਹੈ, ਕੀ ਇਹ 'ਵਿਦਵਾਨ' ਇਸ ਨੂੰ ਖ਼ਤਮ ਕਰ ਦੇਣਗੇ ? "ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨਾ ਦੇਹਿ। ਜੇ ਤੂ ਏਵੈ ਰਖਸੀ ਜੀਓ ਸਰੀਰਹੁ ਲੇਹਿ।" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਂ ਹੁਕਮ ਕਰਦੇ ਨੇ ਕਿ ਗ਼ੁਲਾਮ ਰਹਿਣ ਨਾਲ਼ੋਂ ਮੌਤ ਵਧੀਆ ਪਰ ਇਹ ਕਹਿੰਦੇ ਜੀ ਗ਼ੁਲਾਮੀ ਭੋਗੋ। ਕਿੰਨਾ ਕੁਫ਼ਰ ਤੋਲਦੇ ਨੇ ਕਿ ਗੁਰੂ ਸਾਹਿਬ ਨੇ ਰਾਜ ਦੀ ਗੱਲ ਹੀ ਨਹੀਂ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਨੂੰ ਸਰਹਿੰਦ ਕੀ ਕਰਨ ਭੇਜਿਆ ਸੀ ? ਜੇ ਬਾਬਾ ਬੰਦਾ ਸਿੰਘ ਬਹਾਦਰ ਨੇ ਖ਼ਾਲਸਾ ਰਾਜ ਦੀ ਕਾਇਮੀ ਗੁਰੂ ਸਾਹਿਬ ਦੀ ਇੱਛਾ ਤੋਂ ਉਲ਼ਟ ਕੀਤੀ ਹੁੰਦੀ ਤਾਂ ਜਿਹੜੇ ਸਿੰਘ ਦਸ਼ਮੇਸ਼ ਪਿਤਾ ਜੀ ਨੇ ਬਾਬਾ ਬੰਦਾ ਸਿੰਘ ਦੇ ਨਾਲ਼ ਦੱਖਣ ਤੋਂ ਭੇਜੇ ਸੀ, ਉਹ ਨਾ ਰੋਕਦੇ-ਟੋਕਦੇ ? ਕਲਗੀਧਰ ਪਾਤਸ਼ਾਹ ਦੇ ਖਾਸਮ-ਖ਼ਾਸ, ਭਰੋਸੇਯੋਗ ਸਿੱਖਾਂ ਨਾਲ਼ੋਂ ਆਹ ਅੱਜ ਦੇ 'ਵਿਦਵਾਨਾਂ' ਨੂੰ ਬਹੁਤੀ ਅਕਲ ਐ, ਜਿਹੜੇ ਕਹਿੰਦੇ ਕਿ ਗੁਰੂ ਸਾਹਿਬ ਨੇ ਤਾਂ ਕਦੇ ਰਾਜ ਸਿਰਜਣ ਦੀ ਗੱਲ ਹੀ ਨਹੀਂ ਕੀਤੀ। ਸਿੱਖ ਰਾਜ-ਖ਼ਾਲਿਸਤਾਨ ਦੇ ਵਿਰੋਧੀ ਇਹਨਾਂ ਲੋਕਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ, ਮਹਾਰਾਜਾ ਰਣਜੀਤ ਸਿੰਘ ਵਰਗੇ ਸਾਰੇ ਸਿੱਖ ਗ਼ਲਤ ਲੱਗਦੇ ਹੋਣਗੇ। ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲ਼ੇ ਕਹਿੰਦੇ ਹੁੰਦੇ ਸੀ ਕਿ ਕੌਮ ਦੇ ਗਲ਼ੋਂ ਗ਼ੁਲਾਮੀ ਲਾਹੁਣੀ ਐ। ਉਹ ਤਾਂ ਫਿਰ ਬਹੁਤ ਮਾੜੇ ਲੱਗਦੇ ਹੋਣਗੇ। ਸਿੱਖ ਇਤਿਹਾਸ ਦਾ ਹਰ ਉਹ ਪਾਤਰ ਜੀਹਨੇ ਖ਼ਾਲਸਾ ਰਾਜ ਸਿਰਜਣ ਲਈ, ਕਾਇਮ ਰੱਖਣ ਲਈ, ਗ਼ੁਲਾਮੀ ਦੇ ਖਿਲਾਫ਼ ਤੇ ਅਜ਼ਾਦੀ ਦੇ ਹੱਕ ਵਿੱਚ ਕੋਈ ਵੀ ਸਰਗਰਮੀ ਕੀਤੀ ਹੋਵੇਗੀ, ਉਹ ਸਾਰੇ ਲੋਕ ਇਹਨਾਂ ਵਿਦਵਾਨਾਂ ਨੂੰ ਗ਼ਲਤ ਜਾਪਦੇ ਹੋਣੇ ਨੇ। ਕੀ ਗੱਲ ਸਿੱਖੀ ਕੋਈ ਟੱਲੀਆਂ ਵਜਾਉਣ ਵਾਲ਼ਿਆਂ ਦਾ ਧਰਮ ਐ, ਕੀ ਸਿੱਖੀ ਵਿੱਚ ਮੀਰੀ-ਪੀਰੀ ਦਾ ਸਿਧਾਂਤ ਨਹੀਂ ? ਖ਼ਾਲਸੇ ਨੇ ਧਰਮ ਦਾ ਰਾਜ ਕਾਇਮ ਕਰਨਾ ਹੈ ਜਿੱਥੇ ਗੁਰਮਤਿ ਅਨੁਸਾਰੀ ਕਲਿਆਣਕਾਰੀ ਸਿਧਾਂਤ ਲਾਗੂ ਕਰ ਕੇ ਮਨੁੱਖਤਾ ਦਾ ਭਲਾ ਕੀਤਾ ਜਾ ਸਕੇ। ਕਿਸੇ ਨਾਲ਼ ਰੰਗ, ਨਸਲ, ਜਾਤ, ਧਰਮ ਕਰਕੇ ਵਿਤਕਰਾ ਨਾ ਹੋਵੇ ਜਿਵੇਂ ਕਿ ਪਹਿਲਾਂ ਜਦ ਵੀ ਸਿੱਖਾਂ ਕੋਲ਼ ਰਾਜ-ਭਾਗ ਆਇਆ ਤਾਂ ਇੱਕ ਵੀ ਸ਼ਖ਼ਸ ਨਾਲ਼ ਉਹਦੇ ਧਰਮ ਕਰਕੇ ਵਿਤਕਰਾ ਨਹੀਂ ਹੋਇਆ। ਵੀਰੋ, ਇਹਨਾਂ ਵਿਦਵਾਨਾਂ ਤੋਂ ਸਾਵਧਾਨ ਰਹੋ ਜਿਹੜੇ ਗੁਰਬਾਣੀ ਤੇ ਸਿੱਖ ਇਤਿਹਾਸ ਦੀ ਇੱਕ ਵੀ ਲਾਈਨ ਪੜ੍ਹੇ ਬਿਨਾਂ ਸਿੱਖੀ ਦੀ ਵਿਆਖਿਆ ਕਰਨ ਦਾ ਦਾਅਵਾ ਕਰਦੇ ਫਿਰਦੇ ਨੇ। ਇਹ ਭਾਰਤੀ ਹਕੂਮਤ ਦਾ ਸੰਦ ਬਣ ਕੇ ਹਿੰਦੂਤਵ ਦੀ ਬੋਲੀ ਬੋਲ ਕੇ ਸਿੱਖ ਕੌਮ ਨੂੰ ਗੁੰਮਰਾਹ ਕਰ ਰਹੇ ਹਨ।

## ਸ਼ਬਦ ਮੇਰਾ ਹੈ ਧਰਮ ਦੋਸਤੋ




ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਸ਼ਬਦ ਮੇਰਾ ਹੈ ਧਰਮ ਦੋਸਤੋ, ਸ਼ਬਦ ਮੇਰਾ ਈਮਾਨ ਦੋਸਤੋ ।
ਸ਼ਬਦੋਂ ਸੱਖਣੇ ਨਿਰਸ਼ਬਦੇ ਨੂੰ, ਕੌਣ ਕਹੇ ਇਨਸਾਨ ਦੋਸਤੋ ।

ਤੇਰਾ ਪੰਥ ਗ੍ਰੰਥ ਗੁਰੂ ਹੈ, ਮੇਰੇ ਇਸ਼ਟ ਸਿਖਾਇਆ ਮੈਨੂੰ ।
ਇਕ ਓਂਕਾਰ ਬਿਨਾ ਸਭ ਮਿਥਿਆ, ਇਕੋ ਸਬਕ ਪੜ੍ਹਾਇਆ ਮੈਨੂੰ ।
ਨਿਰਭਉ ਤੇ ਨਿਰਵੈਰ ਗੁਰੂ ਦੀ, ਉਂਗਲੀ ਦੇ ਲੜ ਲਾਇਆ ਮੈਨੂੰ ।
ਹੱਕ ਸੱਚ ਇਨਸਾਫ਼ ਦੀ ਖ਼ਾਤਰ, ਹੋ ਜਾਵਾਂ ਕੁਰਬਾਨ ਦੋਸਤੋ ।
ਸ਼ਬਦ ਮੇਰਾ ਹੈ ਧਰਮ ਦੋਸਤੋ... ।

ਬਿਨਸੇ ਨਾਹੀਂ ਸਦਾ ਅਜੂਨੀ, ਕਾਲਮੁਕਤ ਹੈ ਮੁਰਸ਼ਦ ਮੇਰਾ ।
ਅਨਹਦ ਨਾਦ ਵਜਾਵਣਹਾਰੇ, ਲਾਇਆ ਕਣ ਕਣ ਦੇ ਵਿਚ ਡੇਰਾ ।
ਮਹਿਕ ਮਹਿਕ ਲਟਬੌਰੀ ਛਾਂ ਹੈ, ਜੀਕੂੰ ਚੰਦਨ ਰੁੱਖ ਦਾ ਘੇਰਾ ।
ਡਰਦਾ ਕਦੇ ਡਰਾਉਂਦਾ ਨਾਹੀਂ, ਦੇਵੇ ਅਕਲਾਂ ਦਾਨ ਦੋਸਤੋ ।
ਸ਼ਬਦ ਮੇਰਾ ਹੈ ਧਰਮ ਦੋਸਤੋ... ।

ਦਸਮ ਗੁਰੂ ਦੀ ਸਿੱਖਿਆ ਮੈਨੂੰ, ਤੇਰੇ ਲਈ ਪਰਮੇਸ਼ਰ ਪੋਥੀ ।
ਇਸ ਦੇ ਬ੍ਰਹਮ ਵਿਚਾਰ ਸਾਹਮਣੇ, ਸਮਝੀਂ ਤੂੰ ਹਰ ਗੱਲ ਨੂੰ ਥੋਥੀ ।
ਪੜ੍ਹ ਕੇ ਆਪ ਪੜ੍ਹਾਵੀਂ ਦੂਜੇ, ਹਰ ਮੁਸ਼ਕਿਲ ਦਾ ਹੱਲ ਹੈ ਪੋਥੀ ।
ਆਪਣਾ ਮੂਲ ਪਛਾਨਣ ਵਾਲਾ ਦੇਵੇ ਅਸਲ ਗਿਆਨ ਦੋਸਤੋ ।
ਸ਼ਬਦ ਮੇਰਾ ਹੈ ਧਰਮ ਦੋਸਤੋ... ।

ਬਾਬਰ ਨੂੰ ਜਾਬਰ ਇਹ ਕਹਿੰਦਾ, ਰਾਜੇ ਸ਼ੀਂਹ ਮੁਕੱਦਮ ਕੁੱਤੇ ।
ਸ਼ਰਮ ਸ਼ਰ੍ਹਾ ਨਾ ਪਰਦਾ ਕੋਈ, ਜਾਏ ਜਗਾਇਨ ਬੈਠੇ ਸੁੱਤੇ ।
ਛਲ ਤੇ ਕਪਟ ਵਿਕਾਰ ਮੁਕਤ ਹੈ, ਦੱਸੋ ਕਿਹੜਾ ਇਸ ਤੋਂ ਉੱਤੇ ।
ਉਨ੍ਹਾਂ ਨਾਲ ਤੁਰਾਂ ਨਾ ਜਿਹੜੇ ਜ਼ੋਰੀ ਮੰਗਣ ਦਾਨ ਦੋਸਤੋ ।
ਸ਼ਬਦ ਮੇਰਾ ਹੈ ਧਰਮ ਦੋਸਤੋ... ।

ਪੰਜ ਸਦੀਆਂ ਪਹਿਲਾਂ ਇਸ ਦੱਸਿਆ, ਪਵਨ ਗੁਰੂ ਧਰਤੀ ਹੈ ਮਾਤਾ ।
ਪਾਣੀ ਬਾਬਲ ਵਾਂਗ ਪਵਿੱਤਰ, ਸਰਬ ਧਰਮ ਨੂੰ ਇਕ ਕਰ ਜਾਤਾ ।
ਮਾਈ ਬਾਪ ਬਣਾਇਆ ਰੱਬ ਨੂੰ, ਮਿੱਤਰ ਬੇਲੀ ਕਦੇ ਭਰਾਤਾ ।
ਇਹ ਸਭ ਸਬਕ ਭੁਲਾ ਕੇ ਆਪਾਂ ਬਣੀਏ ਨਾ ਹੈਵਾਨ ਦੋਸਤੋ ।
ਸ਼ਬਦ ਮੇਰਾ ਹੈ ਧਰਮ ਦੋਸਤੋ ।

ਪੰਜ ਵਿਕਾਰ ਨਿਸ਼ਾਨੀ ਲਾ ਕੇ, ਗੁਰਬਾਣੀ ਨੇ ਇਹ ਸਮਝਾਇਆ ।
ਮੋਹ-ਮਮਤਾ ਹੰਕਾਰ ਤੋਂ ਪਿੱਛੋਂ, ਕਾਮ ਕ੍ਰੋਧ ਲੋਭ ਦੀ ਮਾਇਆ ।
ਇਨ੍ਹਾਂ ਪੰਜਾਂ ਦੇ ਵੱਸ ਪੈ ਕੇ, ਬੰਦਿਆਂ ਮਾਨਸ ਜਨਮ ਗੰਵਾਇਆ ।
ਪੰਜ ਚੋਰਾਂ ਤੋਂ ਮੁਕਤੀ ਖ਼ਾਤਰ, ਬਣ ਜਾਈਏ ਦਰਬਾਨ ਦੋਸਤੋ ।
ਸ਼ਬਦ ਮੇਰਾ ਹੈ ਧਰਮ ਦੋਸਤੋ... ।

ਇਸ ਧਰਤੀ ਦੇ ਮਾਲ ਖ਼ਜ਼ਾਨੇ, ਰਤਨ ਅਮੋਲ ਪਦਾਰਥ ਛੱਤੀ ।
ਗੁਰ ਬਿਨ ਗਿਆਨ ਕਦੇ ਨਾ ਮਿਲਦਾ, ਜਗਦੀ ਨਹੀਂ ਤੇਲ ਬਿਨ ਬੱਤੀ ।
ਸ਼ੁਭ ਅਮਲਾਂ ਬਾਝੋਂ ਸਭ ਮਿੱਟੀ, ਇਸ ਵਿਚ ਝੂਠ ਨਹੀਂ ਹੈ ਰੱਤੀ ।
ਘੜ ਘੜ ਕੱਢੇ ਖੋਟ ਮਨਾਂ 'ਚੋਂ, ਜੇ ਪੜ੍ਹ ਲਏ ਇਨਸਾਨ ਦੋਸਤੋ ।
ਸ਼ਬਦ ਮੇਰਾ ਹੈ ਧਰਮ ਦੋਸਤੋ... ।

ਇਹ ਸ਼ੀਸ਼ਾ ਹੈ ਅਦਭੁਤ ਸ਼ੀਸ਼ਾ, ਘਟ ਘਟ ਦੇ ਅੰਦਰ ਦੀ ਜਾਣੇ ।
ਕਰਕ ਕਲੇਜੇ ਵਾਲੀ ਬੁੱਝੇ, ਭਲੇ ਬੁਰੇ ਦੀ ਪੀੜ ਪਛਾਣੇ ।
ਭਲਾ ਸਦਾ ਸਰਬੱਤ ਦਾ ਮੰਗੇ, ਸਭ ਨੂੰ ਆਪਣਾ ਹੀ ਕਰ ਜਾਣੇ ।
ਮੈਨੂੰ ਪੂਜਣ ਤੋਂ ਇਹ ਵਰਜੇ ਮਿੱਟੀ ਦੇ ਭਗਵਾਨ ਦੋਸਤੋ ।
ਸ਼ਬਦ ਮੇਰਾ ਹੈ ਧਰਮ ਦੋਸਤੋ... ।

ਅੰਬਰ ਥਾਲੀ ਦੀਵੇ ਧਰਕੇ, ਸਦ-ਜੀਵੀ ਅਰਦਾਸ ਸੁਣਾਵੇ ।
ਦੀਵਿਆਂ ਦੀ ਥਾਂ ਚੰਦ ਤੇ ਸੂਰਜ, ਤਾਰਾ-ਮੰਡਲ ਨਾਲ ਸੁਹਾਵੇ ।
ਵਗਦੀ ਪੌਣ ਝੁਲਾਵੇ ਚੌਰੀ, ਸਗਲ ਬਨਸਪਤੀ ਸਾਜ਼ ਵਜਾਵੇ ।
ਨਾਦ ਸ਼ਬਦ ਸੁਰ ਮਿਲ ਕੇ ਲਾਉਂਦੇ, ਸੁਣ ਲਉ ਅਨਹਦ ਤਾਨ ਦੋਸਤੋ ।

ਸ਼ਬਦ ਮੇਰਾ ਹੈ ਧਰਮ ਦੋਸਤੋ, ਸ਼ਬਦ ਮੇਰਾ ਈਮਾਨ ਦੋਸਤੋ ।
ਸ਼ਬਦੋਂ ਸੱਖਣੇ ਨਿਰਸ਼ਬਦੇ ਨੂੰ ਕੌਣ ਕਹੇ ਇਨਸਾਨ ਦੋਸਤੋ।

## ਜਦੋਂ ਵਕਤ ਬਦਲਦਾ!

ਵਰਲਡ ਪੰਜਾਬੀ ਟਾਈਮਜ਼
ਸਰਬਜੀਤ ਸਿੰਘ ਜਰਮਨੀ




ਯੂਰਪ ਵਿੱਚ ਹਰ ਸਾਲ ਮਾਰਚ ਦੇ ਆਖ਼ਰੀ ਸ਼ਨੀਵਾਰ ਦੀ ਰਾਤ ਭਾਵ ਐਤਵਾਰ ਦੇ ਤੜਕੇ ਨੂੰ ਘੜੀਆਂ ਦੀਆਂ ਸੁਈਆਂ ਇੱਕ ਵਜੇ ਤੋਂ ਬਾਅਦ ਸਿੱਧੀਆਂ ਦੋ ਦੀ ਥਾਂ ਤਿੰਨ ਵਜਾ ਦਿੰਦੀਆਂ ਹਨ। ਇਸ ਪ੍ਰਕਿਰਿਆ ਨੂੰ "ਗਰਮੀ ਦਾ ਸਮਾਂ"( Daylight Saving Time (DST) ਕਿਹਾ ਜਾਂਦਾ ਹੈ। ਇਹ ਪ੍ਰਕਿਰਿਆ ਅਮਰੀਕਾ, ਨਿਊਜ਼ੀਲੈਂਡ, ਆਸਟ੍ਰੇਲੀਆ, ਕਨੇਡਾ, ਇੰਗਲੈਂਡ ਅਤੇ ਯੂਰਪ ਦੇ 31 ਮੁਲਕਾਂ ਵਿੱਚ ਵੱਖ-ਵੱਖ ਮਿਤੀ ਨੂੰ ਲਾਗੂ ਕੀਤੀ ਜਾਂਦੀ ਹੈ ਪਰ ਹੁੰਦੀ ਹਮੇਸ਼ਾ ਸ਼ਨੀਵਾਰ ਦੀ ਰਾਤ ਨੂੰ ਹੀ ਹੈ ਤਾਂ ਕਿ ਆਮ ਲੋਕਾਂ ਨੂੰ ਸਮਾਂ ਬਦਲਣ ਨਾਲ ਕੋਈ ਪਰੇਸ਼ਾਨੀ ਨਾ ਆਵੇ। ਐਤਵਾਰ ਨੂੰ ਲਗਭਗ 85% ਲੋਕਾਂ ਨੂੰ ਕੰਮ ਤੋਂ ਛੁੱਟੀ ਹੁੰਦੀ ਹੈ, ਸਕੂਲ, ਕਾਲਜ ਵੀ ਬੰਦ ਹੁੰਦੇ ਹਨ। ਜਦੋਂ ਨੈੱਟ ਨਹੀਂ ਸੀ ਹੁੰਦਾ ਜਾਂ ਕਹਿ ਲਓ ਮੋਬਾਇਲ ਨਹੀਂ ਸੀ ਹੁੰਦੇ ਤਾਂ ਲੋਕਾਂ ਨੂੰ ਟੈਲੀਵੀਜ਼ਨ ਜਾਂ ਰੇਡੀਓ ਤੇ ਸਮਾਂ ਦੇਖ ਕੇ ਘੜੀ ਦੀਆਂ ਸੁਈਆਂ ਆਪ ਅੱਗੇ ਕਰਨੀਆਂ ਪੈਂਦੀਆਂ ਸਨ। ਇਸ ਦੇ ਨਾਲ ਹੀ ਨਵੇਂ ਸਾਲ ਦੇ ਕੈਲੰਡਰ ਉੱਤੇ ਵੀ ਘੜੀ ਬਦਲਣ ਦੀ ਤਰੀਕ ਲਿਖੀ ਹੁੰਦੀ ਸੀ। ਬਹੁਤੇ ਲੋਕ ਕੈਲੰਡਰ ਤੇ ਦੇਖ ਕੇ ਵੀ ਮਾਰਚ ਮਹੀਨੇ ਘੜੀ ਦੀਆਂ ਸੁਈਆਂ ਇੱਕ ਘੰਟੇ ਅੱਗੇ ਕਰਦੇ ਸਨ ਤੇ ਠੀਕ ਅਕਤੂਬਰ ਦੇ ਆਖ਼ਰੀ ਸ਼ਨੀਵਾਰ ਨੂੰ ਮੁੜ ਇੱਕ ਘੰਟਾ ਪਿੱਛੇ ਕਰ ਲੈਂਦੇ ਸਨ। ਪਰ ਅੱਜ ਨੈੱਟ ਦਾ ਜ਼ਮਾਨਾ ਹੈ ਹਰ ਇੱਕ ਘੜੀ, ਮੋਬਾਇਲ ਤੇ ਸਮਾਂ ਆਪਣੇ ਆਪ ਇੱਕ ਘੰਟਾ ਅੱਗੇ ਹੋ ਜਾਂਦਾ ਹੈ ਤੇ ਮੁੜ ਅਕਤੂਬਰ ਵਿੱਚ ਇੱਕ ਘੰਟਾ ਪਿੱਛੇ। ਬਹੁਤੇ ਲੋਕਾਂ ਨੂੰ ਪਤਾ ਵੀ ਨਹੀਂ ਚੱਲਦਾ ਕਿ ਘੜੀ ਦੀ ਸੂਈ ਇੱਕ ਘੰਟਾ ਅੱਗੇ ਚਲੀ ਗਈ ਹੈ। ਹਾਂ ਜੋ ਲੋਕ ਸਮੇਂ ਦੇ ਪਾਬੰਦ ਹਨ ਉਹ ਨੀਂਦ ਦਾ ਇੱਕ ਘੰਟਾ ਘੱਟ ਹੋ ਜਾਣ ਕਰਕੇ ਆਪਣੀ ਤੰਦਰੁਸਤੀ ਲਈ ਸਮੇਂ ਦੇ ਬਦਲਾਅ ਨੂੰ ਬਹੁਤ ਘਟੀਆ ਮਹਿਸੂਸ ਕਰਦੇ ਹਨ ਤੇ ਸ਼ਾਇਦ ਛੇ ਮਹੀਨੇ ਬਾਅਦ ਇੱਕ ਘੰਟਾ ਨੀਂਦ ਪੂਰੀ ਕਰਨ ਤੱਕ ਦਾ ਇੰਤਜ਼ਾਰ ਕਰਦੇ ਹਨ।

ਘੜੀਆਂ ਇੱਕ ਘੰਟਾ ਅੱਗੇ-ਪਿੱਛੇ ਕਰਨ ਦੀ ਕਾਢ ਜਾਂ ਕਹਿ ਲਓ ਸੁਝਾਅ ਸਭ ਤੋਂ ਪਹਿਲਾਂ 1784 ਨੂੰ ਅਮਰੀਕਾ ਦੇ ਸੰਸਥਾਪਕ ਮਹਾਨ ਖੋਜੀ ਬੈਂਜਾਮਿਨ ਫਰੈਂਕਲਿਨ ਨੇ ਦਿੱਤਾ। ਬੈਂਜਾਮਿਨ ਫਰੈਂਕਲਿਨ ਇੱਕੋ ਸਮੇਂ ਮਹਾਨ ਵਿਗਿਆਨੀ, ਸਾਹਿਤਕ ਲੇਖਕ, ਦੇਸ਼ ਦਾ ਬਹੁਤ ਵਧੀਆ ਰਾਜਨੀਤਿਕ ਨੇਤਾ, ਆਵਿਸ਼ਕਾਰਕ ਅਤੇ ਮਹਾਨ ਦਾਰਸ਼ਨਿਕ ਸੀ। ਬੈਂਜਾਮਿਨ ਫਰੈਂਕਲਿਨ ਨੇ ਇੱਕ ਸੁਝਾਅ ਦਿੱਤਾ ਸੀ ਕਿਉਂਕਿ ਉਹ ਮਹਾਨ ਖੋਜੀ ਚਾਹੁੰਦੇ ਸਨ ਕਿ ਲੋਕ ਸਵੇਰੇ ਜਲਦੀ ਉੱਠਣ ਤਾਂ ਮੋਮਬੱਤੀਆਂ ਦੀ ਬਚਤ ਹੋ ਸਕਦੀ ਹੈ। ਉਹਨਾਂ ਦੇ ਇਸ ਵਿਚਾਰ ਨੂੰ ਬਹੁਤ ਸਾਲਾਂ ਬਾਅਦ ਪਹਿਲੇ ਵਿਸ਼ਵ ਯੁੱਧ ਦੌਰਾਨ ਅਮਲ ਵਿੱਚ ਲਿਆਂਦਾ ਗਿਆ ਜੋ ਸ਼ਾਇਦ ਕਿਸੇ ਮਹਾਨ ਖੋਜੀ ਦੀ ਨਵੀਂ ਖੋਜ ਤੱਕ ਚੱਲਦਾ ਵੀ ਰਹੇਗਾ। ਜਰਮਨੀ ਨੇ 30 ਅਪ੍ਰੈਲ 1916 ਨੂੰ ਵਿਸ਼ਵ ਯੁੱਧ ਦੌਰਾਨ ਆਪਣੇ ਮੁਲਕ ਵਿੱਚ ਕੋਲਾ ਅਤੇ ਬਿਜਲੀ ਬਚਾਉਣ ਲਈ ਗਰਮੀ ਦੇ ਸਮੇਂ (Daylight Saving Time, DST) ਦੀ ਸ਼ੁਰੂਆਤ ਕੀਤੀ ਸੀ।

ਅੱਜ ਦੁਨੀਆਂ ਭਰ ਦੇ ਬਹੁਤੇ ਸਾਰੇ ਮੁਲਕ ਇਸ ਵਿਧੀ ਨੂੰ ਅਪਣਾ ਰਹੇ ਹਨ। ਜਿਵੇਂ ਯੂਰਪ, ਅਮਰੀਕਾ, ਕਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਆਦਿ। ਪਰ ਭਾਰਤ, ਚੀਨ, ਰੂਸ, ਜਪਾਨ, ਅਫ਼ਰੀਕਾ ਆਦਿ ਘੜੀਆਂ ਇੱਕ ਘੰਟਾ ਅੱਗੇ ਪਿੱਛੇ ਨਹੀਂ ਕਰਦੇ ਸਗੋਂ ਕੰਮ ਦੇ ਸਮੇਂ ਦੀ ਸ਼ੁਰੂਆਤ ਗਰਮੀਆਂ ਵਿੱਚ ਇੱਕ ਘੰਟਾ ਪਹਿਲਾਂ ਤੇ ਸਰਦੀਆਂ ਵਿੱਚ ਦੇਰੀ ਨਾਲ ਕਰ ਦਿੰਦੇ ਹਨ। ਮਿਥੇ ਸਮੇਂ ਅਨੁਸਾਰ ਭਾਵੇਂ ਘੜੀਆਂ ਦੀਆਂ ਸੂਈਆਂ ਆਪਣੇ ਆਪ ਅੱਗੇ ਪਿੱਛੇ ਹੋ ਜਾਂਦੀਆਂ ਹਨ ਪਰ ਫੇਰ ਵੀ ਬਹੁਤੇ ਦੇਸ਼ ਇਸ ਪ੍ਰਕਿਰਿਆ ਨੂੰ ਛੱਡਣ ਦੇ ਹੱਕ ਵਿੱਚ ਗਵਾਹੀ ਭਰ ਰਹੇ ਹਨ ਕਿਉਂਕਿ ਇਸ ਦਾ ਅੱਜ ਦੇ ਅੱਤ ਆਧੁਨਿਕ ਯੁੱਗ ਵਿੱਚ ਬਹੁਤਾ ਲਾਭ ਨਹੀਂ ਰਿਹਾ। ਨਵੇਂ ਯੁੱਗ ਦੀ ਦੌੜ ਨੇ ਲੋਕਾਂ ਲਈ ਦਿਨ-ਰਾਤ ਇੱਕ ਕਰ ਦਿੱਤਾ ਹੈ। ਕੋਈ ਦਿਨ ਚ ਨੀਂਦ ਪੂਰੀ ਕਰਦਾ ਤੇ ਸਾਰੀ ਰਾਤ ਕੰਮ ਤੇ ਲੰਘਾਉਂਦਾ, ਕੋਈ ਦਿਨ ਭਰ ਕੰਮ ਕਰਕੇ ਰਾਤ ਨੂੰ ਵੀ ਅਰਾਮ ਨਹੀਂ ਕਰਦਾ। ਬਹੁਤੇ ਲੋਕ ਨੀਂਦ ਦੀ ਸਮੱਸਿਆ ਕਾਰਨ ਸਮਾਂ ਇੱਕ ਘੰਟਾ ਅੱਗੇ ਪਿੱਛੇ ਕਰਨ ਦੇ ਖਿਲਾਫ਼ ਗਵਾਹੀ ਭਰਦੇ ਹਨ। ਕਿਸੇ ਨਵੀਂ ਸ਼ੁਰੂਆਤ ਦੇ ਇੰਤਜ਼ਾਰ ਤੱਕ ਸੂਈਆਂ ਅੱਗੇ ਪਿੱਛੇ ਹੁੰਦੀਆਂ ਰਹਿਣਗੀਆਂ ਤੇ ਅਸੀਂ ਜਰਮਨੀ ਵਾਸੀ ਵੀ 29/03/26 ਦੀ ਸਵੇਰ ਨੂੰ ਇੱਕ ਘੰਟਾ ਭਾਰਤੀ ਸਮੇਂ ਦੇ ਨੇੜੇ ਆ ਜਾਵਾਂਗੇ।

## ਟਰੇਨਿੰਗ ਪ੍ਰੋਗਰਾਮਾ ਦਾ ਮਹੱਤਵ ਸਿੱਖਿਆ ਵਿਭਾਗ ਵਿੱਚ ਅਹਿਮ ਹੈ:

ਵਰਲਡ ਪੰਜਾਬੀ ਟਾਈਮਜ਼
ਹਰਵਿੰਦਰ ਕੌਰ ਬਰਨ ਧਨੌਲਾ

ਇਨਸਾਨ ਸਾਰੀ ਉਮਰ ਹੀ ਸਿੱਖੀ ਜਾਦੀ ਹੈ ।ਕਿਸੇ ਪਾਸੋ ਕੋਈ ਵੀ ਯੁਕਤ ਸਿੱਖੀ ਉਸਦਾ ਵੀ ਰੋਜਾਨਾ ਜੀਵਨ ਵਿੱਚ ਫਾਇਦਾ ਹੁੰਦਾ ਹੈ। ਟਰੇਨਿੰਗ ਪ੍ਰੋਗਰਾਮ ਸਿਖਲਾਈ ਪ੍ਰੋਗਰਾਮ ਇਸ ਨੂੰ ਇੱਕਤਰਤਾ ਸੈਮੀਨਾਰ ਗੋਸਟੀ ਸਿੱਧਾ ਆਦਾਨ ਪ੍ਰਦਾਨ ਡਾਇਰੈਕਟ ਇੰਟਰਕੈਸਨ ਵੀ ਕਿਹਾ ਜਾਦਾ ਹੈ। ਇਸ ਦਾ ਜਿਆਦਾ ਮਾਧਿਅਮ ਆਫ ਲਾਇਨ ਹੀ ਹੂੰਦਾ ਹੈ ।ਪਰ ਵਿਭਾਗ ਵੱਲੋ ਬਹੁਤ ਸਾਰੇ ਟਰੇਨਿੰਗਜ ਜਾ ਟਰੇਨਿੰਗ ਸੈਸਨ ਆਨ ਲਾਇਨ ਮਾਧਿਅਮ ਰਾਹੀ ਵੀ ਕੀਤੇ ਜਾਦੇ ਹਨ। ਆਨ ਲਾਇਨ ਜੂਮ ਮੀਟੰਗ ਜਾ ਵੈਬਅਕਸ ਰਾਹੀ ਹੁੰਦੀ ਹੈ ਇਸ ਆਨ ਲਾਇਨ ਮਾਧਿਆਮ ਰਾਹੀ ਸਾਰੇ ਆਪਣੇ ਮੋਬਾਈਲ ਨੈਟ ਦੀ ਸਹਾਇਤਾ ਨਾਲ ਜੂਮ ਤੇ ਵੈਬਅਕਸ ਵਰਜਨ ਆਪਣੇ ਮੋਬਾਈਲ ਉੱਪਰ ਡਾਉਨਲੋਡ ਕਰ ਸਮੂਲੀਅਤ ਕਰਦੇ ਹਨ। ਇਸ ਰਾਹੀ ਸਕਰੀਨ ਸੇਅਰ ਵੀ ਕੀਤੀ ਜਾਦੀ ਹੈ ਇਸ ਨਾਲ ਹਰ ਅਟੈਡ ਕਰਨ ਵਾਲੇ ਦੀ ਫੋਟੋ ਵੀ ਆਉਦੀ ਹੈ।ਸਰੋਤ




ਵਿਅਕਤੀ ਪਾਸੋ ਭਾਗੀਦਾਰ ਆਪਣਾ ਸਪੀਕਰ ਆਨ ਕਰ ਕੋਈ ਸਵਾਲ ਪੁੱਛ ਸਕਦਾ ਹੈ। ਰੇਜ ਹੈਡ ਨਾਲ ਵੀ ਇਸਾਰਾ ਕੀਤਾ ਜਾ ਸਕਦਾ ਹੈ ਮੈਸਜ ਵੀ ਕੀਤਾ ਜਾ ਸਕਦਾ ਹੈ।ਸਿੱਖਿਆ ਵਿਭਾਗ ਵਿੱਚ ਬਿਜਨਸ ਬਲਾਸਟਰ ਯੁੱਧ ਨਸ਼ਿਆ ਵਿਰੁੱਧ ਪਾਪੂਲੇਸਨ ਐਜੂਕੇਸਨ ਪ੍ਰੋਗਰਾਮ ਗਰੀਨ ਸਕੂਲ ਪ੍ਰੋਗਰਾਮ ਆਦਿ ਚੱਲ ਰਹੇ ਹਨ।ਸਭ ਤੋ ਪਹਿਲਾ ਜਿਲ੍ਹ ਸਿੱਖਿਆ ਅਫਸਰਾਂ ਰਾਹੀ ਸਬੰਧਿਤ ਜਿਲ੍ਹਿਆ ਪਾਸੋ ਨੋਡਲ ਅਫਸਰ ਸਾਹਿਬਾਨ ਦੇ ਨਾ ਮੰਗਵਾਏ ਜਾਦੇ ਹਨ ।ਫਿਰ ਪ੍ਰੋਜੈਕਟ ਨਾਲ ਸਬੰਧਿਤ ਚੁਣੇ ਹੋਏ ਅਧਿਆਪਕਾਂ ਨੂੰ ਟਰੇਨਿੰਗ ਦਿੱਤੀ ਜਾਦੀ ਹੈ। ਇਹ ਟਰੇਨਿੰਗ ਮੈਗਸੀਪਾ ਜਾ ਐਸ.ਸੀ.ਈ.ਆਰ.ਟੀ. ਦੇ ਦਫਤਰ ਆਦਿ ਸਥਾਨਾ ਉੱਪਰ ਸਟੇਟ ਰਿਸੋਰਸ ਪਰਸਨਜ ਵੱਲੋ ਦਿੱਤੀ ਜਾਦੀ ਹੈ।ਫਿਰ ਸਟੇਟ ਰਿਸੋਰਸ ਪਰਸਨ ਵੱਲੋ ਟਰੇਡ ਅਧਿਆਪਕ ਆਪਣੇ ਆਪਣੇ ਜਿਲ੍ਹਿਆ ਵਿੱਚ ਟਰੇਨਿੰਗਜ ਦਾ ਆਯੋਜਨ ਕਰਦੇ ਹਨ। ਜਿਲ੍ਹਾ ਲੈਵਲ ਦੇ ਸਰੋਤ ਵਿਅਕਤੀ ਲਈ ਟਰੇਨਿੰਗ ਵਿਭਾਗ ਵੱਲੋ ਆਫ ਲਾਇਨ ਜਾ ਆਨ ਲਾਇਨ ਵੀ ਦਿੱਤੀ ਜਾਦੀ ਹੈ ਸਿਰਫ ਵਿਭਾਗ ਵੱਲੋ ਟਰੇਡ ਅਧਿਆਪਕ ਹੀ ਅੱਗੇ ਟਰੇਨਿੰਗ ਦੇਣ ਦੇ ਯੋਗ ਹੁੰਦਾ ਹੈ।ਜਿਲ੍ਹ ਬਰਨਾਲਾ ਅੰਦਰ ਜਿਆਦਾ ਟਰੇਨਿੰਗਜ ਜਿਲਾਂ੍ਹ ਸਿੱਖਿਆ ਅਤੇ ਸਿਖਲਾਈ ਸੰਸਥਾ ਚੀਮਾ ਜੋਧਪੁਰ ਦੇ ਕੁਦਰਤੀ ਵਾਤਾਵਰਣ ਨਾਲ ਜੁੜ੍ਹੇ ਹਰ ਤਕਨੀਕ ਨਾਲ ਭਰਪੂਰ ਆਕਰਸ਼ਿਤ ਕੰਪਲੈਕਸ ਵਿੱਚ ਦਿੱਤੀਆ ਜਾਦੀਆ ਹਨ। ਪਹਿਲੋ ਟਰਨਿੰਗਜ ਸਿਰਫ ਸਬੰਧਿਤ ਅਧਿਆਪਕਾਂ ਨੂੰ ਹੀ ਦਿੱਤੀ ਜਾਦੀ ਸੀ। ਪਰ ਹੁਣ ਵਿਭਾਗ ਵੱਲੋ ਹਰ ਸਕੂਲ ਮੂਖੀ ਨੂੰ ਵੀ ਦਿੱਤੀ ਜਾਦੀ ਹੈ ਤਾ ਜੋ ਹਰ ਕੰਪੈਅਨ ਬਹੁਤ ਦੀ ਸੁਚਾਰੂ ਢੰਗ ਨਾਲ ਸਕੂਲਾਂ ਵਿੱਚ ਸੁਰੂ ਅਤੇ ਸੰਪੂਰਨ ਵਿਭਾਗੀ ਹਦਾਇਤਾ ਅਨੁਸਾਰ ਕਰਵਾਈ ਜਾ ਸਕੇ। ਇਸ ਤਰਾ ਡਾਈਟ ਵਿਖੇ ਟਰੇਨਿੰਗਜ ਮਿਸ਼ਨ ਸਮਰੱਥ,ਵਿਸ਼ਾ ਅਧਿਆਪਕ ਟਰੇਨਿੰਗਜ,ਸਕੂਲ ਅਡੋਲਸੈਸ ਪ੍ਰੋਗਰਾਮ ਏ.ਈ.ਪੀ. ਪ੍ਰੋਜੈਕਟ ,ਪੀ .ਐਮ. ਸ੍ਰੀ ਸਕੂਲਾਂ ਦੇ ਮੁਲਾਂਕਣ ਪੇਪਰਜ ਕੋਰਸਜ,ਸਕੂਲ ਮੁਖੀਆ ਦੀ ਐਡਵੋਕੇਸੀ ਆਦਿ ਟਰੇਨਿੰਗਜ ਦਿੱਤੀਆ ਜਾਦੀਆ ਹਨ। ਜਿਸ ਦੌਰਾਨ ਸਕੂਲ ਮੁਖੀ ਅਤੇ ਵਿਸ਼ਾ ਅਧਿਆਪਕ ਬਹੁਤ ਉਤਸ਼ਾਹ ਨਾਲ ਭਾਗ ਲੈਦੇ ਹਨ। ਇਸ ਨਾਲ ਜਿੱਥੇ ਵਿਦਿਆਰਥੀਆਂ ਲਈ ਸਕੂਲਾਂ ਵਿੱਚ ਟਰੇਨਿੰਗ ਤੋ ਜਾਣ ਬਾਦ ਲਾਹੇਵੰਦ ਸਾਬਤ ਹੁੰਦੀਆ ਹਨ ਉਥੇ ਅਧਿਆਪਕਾਂ ਅਤੇ ਸਕੂਲ ਮੁਖੀਆ ਦੀ ਵੀ ਸਖਸ਼ੀਅਤ ਦਾ ਸਰਵਪੱਖੀ ਵਿਕਾਸ ਕਰਦੀਆ ਹਨ।ਪਹਿਲਾ ਸਿਰਫ ਮਾਸਟਰ ਕਾਡਰ ਦੀਆ ਹੀ ਜਿਲ੍ਹ ਪੱਧਰ ਉੱਪਰ ਟਰੇਨਿੰਗ ਲਗਦੀਆ ਸਨ ਪਰ ਹੁਣ ਵਿਭਾਗ ਵੱਲੋ ਸਾਰੇ ਲੈਕਚਰਾਰ ਕਾਡਰ ਦੀਆ ਵੀ ਟਰੇਨਿੰਗਜ ਦਾ ਵੀ ਆਯੋਜਨ ਕੀਤਾ ਜਾ ਰਿਹਾ ਹੈ । ਕਾਮਰਸ ਵਿਸੇ ਦੀ ਟਰੇਨਿੰਗਜ ਵੀ ਡਾਈਟ ਬਰਨਾਲਾ ਵਿਖੇ ਆਯੋਜਿਤ ਹੋਈ ਜਿਸ ਦੌਰਾਨ ਕਾਮਰਸ ਪੜ੍ਹਾਉਣ ਵਾਲੇ ਸਾਰੇ ਲੈਕਚਰਾਰ ਨੇ ਬਹੁਤ ਕੁਝ ਸਿੱਖਿਆ ।ਜਿੱਥੇ ਟਰੇਨਿੰਗਜ ਦੌਰਾਨ ਅਧਿਆਪਕ ਰਿਸੋਰਸ ਪਰਸਨ ਪਾਸੋ ਸਿੱਖਦੇ ਹਨ ਉੱਥ ਆਪਸ ਵਿੱਚ ਵੀ ਵਿਚਾਰ ਵਟਾਦਰਾ ਕਰਦੇ ਹੋਏ ਇੱਕ ਦੂਸਰੇ ਪਾਸੋ ਹੁਨਰ ਗ੍ਰਹਿਣ ਕਰਦੇ ਹਨ। ਟੀਮ ਵਰਕ ਦੀ ਭਾਵਨਾ ਪੈਦਾ ਹੁੰਦੀ ਹੈ ।ਇੱਕ ਦੂਸਰੇ ਦੇ ਸੰਪਰਕ ਵਿੱਚ ਆਓਦੇ ਹਨ। ਟਰੇਨਿੰਗਜ ਦੌਰਾਨ ਪੇਪਰ ਪੈਟਰਨ ,ਮੁਲਾਂਕਣ ,ਹਰ ਪੱਧਰ ਦੇ ਵਿਦਿਆਰਥੀਆਂ ਨੂੰ ਪਾਸ ਕਰਵਾਉਣਾ ,ਡਵੀਜਨਜ ਅਤੇ ਮੈਰਿਟ ਲਿਸਟ ਆਦਿ ਮਹੱਤਵਪੂਰਨ ਸਿੱਖਿਆ ਨਾਲ ਸਬੰਧਿਤ ਵਿਦਿਅਕ ਵਿਚਾਰਾ ਕੀਤੀਆ ਜਾਦੀਆ ਹਨ ਜੋ ਹਰ ਅਧਿਆਪਕ ਸਕੂਲ ਮੁਖੀ ਲਈ ਢੇਰ ਸਾਰਾ ਮਾਰਗਦਰਸਨ ਪ੍ਰਦਾਨ ਕਰਦੀਆ ਹਨ। ਵਿਭਾਗ ਅਧਿਆਪਕਾਂ ਦੀ ਫੀਡਬੈਕ ਲੈ ਸਾਰਾ ਸਾਲ ਇਹਨਾ ਟਰੇਨਿੰਗਜ ਨੂੰ ਵੱਧ ਤੋ ਵੱਧ ਲਾਹੇਵੰਦ ਬਣਾਉਣ ਲਈ ਤਤਪਰ ਹੈ। ਸੋ ਇਸੇ ਤਰਾ ਟਰੇਨਿੰਗਜ ਲਗਦੀਆ ਰਹਿਣ। ਅਧਿਆਪਕ ਹੋਰ ਸਰਲ ਵਿਧੀਆ ਸਿੱਖ ਆਪਣੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਬਣਾਉਦੇ ਰਹਿਣ। ਸਾਡੇ ਅਧਿਆਪਕ ਅਤੇ ਵਿਦਿਆਰਥੀ ਦਿਨ ਰਾਤ ਚੌਗਣੀ ਤਰੱਕੀ ਕਰਦੇ ਰਹਿਣ।

## ਤੁਲਸੀ ਦੇ ਪੱਤੇ

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਪ੍ਰੇਰਨਾ ਮਿਲੀ *ਤੁਲਸੀ ਦੇ ਪੱਤੇ* ਨੂੰ ਉੱਚ ਦਰਜਾ ਦੇਣ ਪਿੱਛੇ ਭਾਰਤ ਦੀ ਸਰਕਾਰ ਦੀ ਧਾਰਮਿਕ ਅਤੇ ਸੱਭਿਆਚਾਰਕ ਮਾਨਤਾ ਤੋਂ। ਤੁਲਸੀ ਨੂੰ ਹਿੰਦੂ ਧਰਮ ਵਿੱਚ ਪਵਿੱਤਰ ਮੰਨਿਆ ਜਾਂਦਾ ਹੈ ਅਤੇ ਇਸ ਦੇ ਮੈਡੀਕਲ ਗੁਣਾਂ ਕਰਕੇ ਵੀ ਇਸ ਨੂੰ ਮਹੱਤਵ ਦਿੱਤਾ ਜਾਂਦਾ ਹੈ।

ਕੀ ਤੁਹਾਨੂੰ ਤੁਲਸੀ ਦੇ ਪੱਤੇ ਦੇ ਹੋਰ ਫਾਇਦਿਆਂ ਜਾਂ ਇਸ ਬਾਰੇ ਜਾਣਨਾ ਹੈ?



ਦੇ ਪੱਤੇ ਦੇ ਫਾਇਦਿਆਂ ਬਾਰੇ ਪੋਸਟ ਕਰ ਸਕਦੇ ਹੋ।

"ਤੁਲਸੀ ਦੇ ਪੱਤੇ ਦੇ ਫਾਇਦੇ!
ਤੁਲਸੀ ਦੇ ਪੱਤੇ ਵਿੱਚ ਬਹੁਤ ਸਾਰੇ ਔਸ਼ਧੀ ਗੁਣ ਹੁੰਦੇ ਹਨ, ਜੋ ਸਾਡੀ ਸਿਹਤ ਲਈ ਬਹੁਤ ਫਾਇਦੇਮੰਦ ਹਨ।
– ਤਾਜ਼ਾ ਸਾਹਸ
– ਤਣਾਅ ਘਟਾਉਣਾ
– ਚਮੜੀ ਦੀ ਸਿਹਤ
– ਪਾਚਨ ਸਿਸਟਮ
– ਧਾਰਮਿਕ ਮਹੱਤਵ

ਆਪਣੀ ਸਿਹਤ ਦਾ ਖਿਆਲ ਰੱਖੋ ਅਤੇ ਤੁਲਸੀ ਦੇ ਪੱਤੇ ਦਾ ਸੇਵਨ ਕਰੋ! #ਤੁਲਸੀ #ਸਿਹਤ #ਫਾਇਦੇ"